ਨਿਊਜ਼ ਰਿਲੀਜ਼

# ਨਵੇਂ ਆਇਆਂ 'ਚੋਂ ਸਿਰਕੱਢ ਵਿਅਕਤੀਆਂ ਨੂੰ ਸਨਮਾਨਤ ਕੀਤਾ ਗਿਆ

21 ਸਤੰਬਰ 2022 ਮੀਡੀਆ ਇਨਕੁਆਰੀਆਂ

## ਐਲਬਰਟਾ ਸਰਕਾਰ 23 ਇੰਮੀਗਰੈਂਟਾਂ ਦਾ, ਉਨ੍ਹਾਂ ਵੱਲੋਂ ਆਪਣੀਆਂ ਕਮਿਊਨਿਟੀਆਂ ਨੂੰ ਭਰਪੂਰ ਬਣਾਉਣ ਅਤੇ ਇਕ ਵਧੇਰੇ ਸੰਮਿਲਤ ਸੂਬਾ ਉਸਾਰਨ 'ਚ ਮਦਦ ਕਰਨ ਵਾਸਤੇ ਸਨਮਾਨ ਕਰ ਰਹੀ ਹੈ।

ਸੂਬੇ ਦੇ ਗੁਆਂਢ-ਭਾਈਚਾਰਿਆਂ, ਆਰਥਿਕਤਾ, ਪ੍ਰੋਫੈਸ਼ਨਾਂ ਅਤੇ ਕਮਿਊਨਿਟੀਆਂ ਨੂੰ ਇੰਮੀਗਰੈਂਟਾਂ ਵੱਲੋਂ ਦਿੱਤੇ ਗਏ ਬਹੁਮੁੱਲੇ ਯੋਗਦਾਨਾਂ ਦੇ ਜ਼ਸ਼ਨ ਮਨਾਉਣ ਲਈ ਐਲਬਰਟਾ ਸਰਕਾਰ ਨੇ ਜੂਨ ਦੇ ਮਹੀਨੇ ਐਲਬਰਟਾ ਨਿਊਕਮਰਜ਼ ਰਿਕੋਗਨੀਸ਼ਨ ਐਵਾਰਡਜ਼ ਸ਼ੁਰੂ ਕੀਤੇ ਸਨ। ਪ੍ਰਾਪਤਕਰਤਿਆਂ 'ਚ ਨਵਯੁਵਕ, ਔਰਤਾਂ, ਸੀਨੀਅਰ, ਕਾਰੋਬਾਰੀ, ਅਕਾਦਮਿਕਸ, ਪ੍ਰੋਫੈਸ਼ਨਲ ਅਤੇ ਕਮਿਊਨਿਟੀ ਉਸਰੱਈਏ ਸ਼ਾਮਲ ਹਨ, ਜਿੰਨ੍ਹਾਂ ਨੇ ਆਪਣਿਆਂ ਸਕੂਲਾਂ, ਕੰਮ ਵਾਲੀਆਂ ਥਾਵਾਂ, ਗੁਆਂਢ-ਭਾਈਚਾਰਿਆਂ ਅਤੇ ਵਾਲੰਟੀਅਰ ਸੰਸਥਾਵਾਂ 'ਚ ਜ਼ਿਕਰਯੋਗ ਤਬਦੀਲੀਆਂ ਲਿਆਂਦੀਆਂ।

"ਐਲਬਰਟਾ ਨਿਊਕਮਰਜ਼ ਰਿਕੋਗਨੀਸ਼ਨ ਐਵਾਰਡਜ਼ ਦੇ ਸਾਰੇ ਸ਼ੁਰੂਆਤੀ ਪ੍ਰਾਪਤਕਰਤਿਆਂ ਨੂੰ ਮੁਬਾਰਕਾਂ! ਤੁਸਾਂ ਇਕ ਹੌਂਸਲੇ, ਸਿਰਜਨਾਤਮਿਕਤਾ ਅਤੇ ਹਮਦਰਦੀ ਭਾਵਨਾਂ ਦਾ ਪ੍ਰਦਰਸ਼ਨ ਕੀਤਾ ਹੈ, ਜਦੋਂ ਤੁਸੀਂ ਆਪਣੀਆਂ ਜ਼ਿੰਦਗੀਆਂ ਇੱਥੇ ਉਸਾਰੀਆਂ ਅਤੇ ਇੱਥੇ ਸਫਲਤਾਵਾਂ ਹਾਸਲ ਕੀਤੀਆਂ। ਐਲਬਰਟਾ ਕਿਸਮਤ ਵਾਲਾ ਹੈ ਕਿ ਤੁਸੀਂ ਇਸ ਸੂਬੇ ਨੂੰ ਆਪਣਾ ਘਰ ਕਹਿਣਾ ਚੁਣਿਆਂ।"

*Jason Kenney, ਪ੍ਰੀਮੀਅਰ*

"ਐਲਬਰਟਾ 'ਚ ਆਉਣ ਵਾਲੇ ਇੰਮੀਗਰੈਂਟ ਉਨ੍ਹਾਂ ਢੰਗ ਤਰੀਕਿਆਂ ਲਈ ਸਨਮਾਨਤ ਕੀਤੇ ਜਾਣ ਦੇ ਅਧਿਕਾਰੀ ਹਨ, ਜਿੰਨ੍ਹਾਂ ਨਾਲ ਉਨ੍ਹਾਂ ਨੇ ਐਲਬਰਟਾ ਨੂੰ ਵਧੇਰੇ ਅਗਾਂਹਵਧੂ-ਸੋਚ ਵਾਲਾ, ਬਹੁਸੱਭਿਆਚਾਰੀ ਅਤੇ ਸਵਾਗਤਕਾਰੀ ਬਣਾਉਣ

‘ਚ ਮਦਦ ਕੀਤੀ। ਮੈਨੂੰ 23 ਅਨੋਖੇ ਵਿਅਕਤੀਆਂ ਨੂੰ ਉਨ੍ਹਾਂ ਦੇ ਇਨਾਮ ਦੇਣ ਦਾ ਮਾਣ ਹਾਸਲ ਹੋਇਆ ਹੈ ਅਤੇ ਮੈਂ ਉਨ੍ਹਾਂ ਨੂੰ ਉਨ੍ਹਾਂ ਦੀਆਂ ਬਹੁਤ ਸਾਰੀਆਂ ਪ੍ਰਾਪਤੀਆਂ ਵਾਸਤੇ ਵਧਾਈ ਦਿੰਦਾ ਹਾਂ।”

*Muhammad Yaseen, ਐਸੋਸੀਏਟ ਮਿਨਿਸਟਰ ਆਫ ਇੰਮੀਗਰੇਸ਼ਨ ਐਂਡ ਮਲਟੀਕਲਚਰਲਿਜ਼ਮ*

ਐਲਬਰਟਾ ਦੀ ਐਂਟੀ-ਰੇਸਿਜ਼ਮ ਐਕਸ਼ਨ ਪਲੈਨ ਦਾ ਇਕ ਮੂਲ ਤੱਤ ਪਬਲਿਕ ਸਿੱਖਿਆ ਅਤੇ ਸੱਭਿਆਚਾਰਕ ਚੇਤਨਾ ਹੈ, ਸਮੇਤ ਉਸ ਸਨਮਾਨ ਪ੍ਰੋਗਰਾਮ ਦੇ ਜਿਹੜਾ ਇੰਮੀਗਰੈਂਟਾਂ ਦੀਆਂ ਸਫਲਤਾਵਾਂ ਦੇ ਜ਼ਸ਼ਨ ਮਨਾਉਂਦਾ ਹੈ। ਅਰਥਪੂਰਣ ਕਾਰਵਾਈ ਵਾਸਤੇ ਇਕ ਰੋਡਮੈਪ ਵਜੋਂ, ਇਹ ਯੋਜਨਾਂ ਸਰਕਾਰ ਦੀ ਵਿਭਿੰਨਤਾ, ਸਰਕਾਰ ਦੇ ਪ੍ਰੋਗਰਾਮਾਂ ਤੱਕ ਪਹੁੰਚ ਕਰਨ ਵਿਚ ਆਉਂਦੀਆਂ ਸਿਸਟਮੀ ਰੁਕਾਵਟਾਂ ਨੂੰ ਹਟਾਉਣ ਅਤੇ ਐਲਬਰਟਾ ਨਿਵਾਸੀਆਂ ਨੂੰ ਜਾਣਕਾਰੀ ਅਤੇ ਸੇਵਾਵਾਂ ਤੱਕ ਬਰਾਬਰ ਦੀ ਪਹੁੰਚ ਹਾਸਲ ਕਰਾਉਣ ਨੂੰ ਯਕੀਨੀ ਬਣਾਉਣ ਵਾਸਤੇ ਸਰਕਾਰ ਦੀ ਪ੍ਰਤਿਬਧਤਾ ਦੀ ਰੂਪਰੇਖਾ ਪੇਸ਼ ਕਰਦੀ ਹੈ। ਐਲਬਰਟਾ ਦੀ ਐਂਟੀ-ਰੇਸਿਜ਼ਮ ਐਡਵਾਇਜ਼ਰੀ ਕੌਂਸਲ ਨੇ ਇਸ ਕੰਮ ਵਿਚ ਇਕ ਮਹੱਤਵਪੂਰਨ ਰੋਲ ਅਦਾ ਕੀਤਾ ਹੈ।

## 2022 ਐਲਬਰਟਾ ਨਿਊਕਮਰ ਰਿਕੌਗਨੀਸ਼ਨ ਐਵਾਰਡ ਦੇ ਪ੍ਰਾਪਤਕਰਤਾ

### ਕਰੀਅਰ ਐਂਡ ਅਕੈਡਮਿਕਸ ਕੰਟਰੀਬਿਊਸ਼ਨ ਐਵਾਰਡ

- Patrick Etokudo
- Samuel Mugo
- Misheck Mwaba

### ਐਂਟਰਪ੍ਰੀਨਿਊਰੀਅਲ ਸਪਿਰਿਟ ਐਵਾਰਡ

- Tracy Barry
- Harley Poon
- Jianhua Zhu

### ਇੰਨਕਲੂਸਿਵ ਵਰਕ ਪਲੇਸਜ਼ ਐਵਾਰਡ

- Ling Huang
- Faith-Michael Uzoka

### ਨਿਊਕਮਰ ਚੈਂਪੀਅਨ ਐਵਾਰਡ

- Kazir Coulibaly

Classification: Public

- Syed Hassan
- Boban Stojanovic

### ਸੀਨੀਅਰ ਸਪਿਰਿਟ ਐਵਾਰਡ

- George Shouliang Dong
- Lucenia Ortiz

### ਸਮਾਲ ਕਮਿਊਨਿਟੀ ਐਨਹਾਂਸਮੈਂਟ ਐਵਾਰਡ

- Itua Iriogbe
- Lana Santana
- Marjorie Villanis

### ਸਟੂਡੈਂਟ ਇੰਸਪੀਰੇਸ਼ਨ ਐਵਾਰਡ

- Noah Tumalad Elle
- Rawaan Ibrahim

### ਵੂਮੈਨ'ਜ਼ ਨਿਊਕਮਰ ਇੰਮਪੈਕਟ ਐਵਾਰਡ

- Ejibola Adetokunbo-Taiwo
- Aneela Azim
- Olga Krochak Sulkin

### ਯੰਗ ਲੀਡਰ ਐਵਾਰਡ

- Drishti Lakhani
- Fawaz Saleem

ਹਰੇਕ ਇਨਾਮ ਪ੍ਰਾਪਤਕਰਤਾ ਬਾਰੇ ਵਿਸਥਾਰ alberta.ca/NewcomerAwards 'ਤੇ ਉਪਲਬਧ ਹਨ।

## ਸਬੰਧਤ ਜਾਣਕਾਰੀ

- ਐਲਬਰਟਾ ਨਿਊਕਮਰ ਰਿਕੋਗਨੀਸ਼ਨ ਐਵਾਰਡ ਪ੍ਰਾਪਤਕਰਤਾ
- ਨਸਲਵਾਦ ਵਿਰੁੱਧ ਕਾਰਵਾਈ ਕਰਨਾਂ

- ਐਲਬਰਟਾ ਦੀ ਐਂਟੀ-ਰੇਸਿਜ਼ਮ ਐਕਸ਼ਨ ਪਲੈਨ: ਵਿਭਿੰਨਤਾ ਅਤੇ ਸੰਮਿਲਨ ਨੂੰ ਮਜ਼ਬੂਤ ਕਰਦੀ

## ਮੀਡੀਆ ਇਨਕੁਆਰੀਆਂ


### Justin Brattinga

780-203-0177
ਪ੍ਰੈੱਸ ਸੈਕਰੇਟਰੀ, ਆਫਿਸ ਆਫ ਦਿ ਪ੍ਰੀਮੀਅਰ